# ਵੀਡਿਓ ਸਟੱਡੀ ਗਾਈਡ:
# ਸਾਡੇ ਜੱਦੀ ਇਲਾਕਿਆਂ ਵਿਚ ਤੁਹਾਡਾ ਸੁਆਗਤ ਹੈ

## ਆਮ ਜਾਣਕਾਰੀ

ਕੈਨੇਡਾ ਵਿਚ ਸੁਆਗਤ ਹੈ ਵੀਡਿਓ ਆਦਿਵਾਸੀ (ਇਨਡਿਜਨੈਂਸ) ਲੋਕਾਂ ਦੀਆਂ ਕਦਰਾਂ-ਕੀਮਤਾਂ ਅਤੇ ਵਿਚਾਰਾਂ ਦੀ ਵਿਸ਼ਾਲ ਅਮੀਰੀ ਬਾਰੇ ਜਾਣ-ਪਛਾਣ ਕਰਵਾਉਂਦੀ ਹੈ ਅਤੇ ਅਜਿਹਾ ਬਹੁਤ ਸਾਰੀਆਂ ਗੁੰਝਲਦਾਰ ਇਤਿਹਾਸਕ ਘਟਨਾਵਾਂ ਨੂੰ ਉਜਾਗਰ ਕਰਦੇ ਹੋਏ ਕਰਦੀ ਹੈ ਜਿਨ੍ਹਾਂ ਨੇ ਇਸ ਦੇਸ਼ ਨੂੰ ਅਤੇ ਆਦਿਵਾਸੀ ਅਤੇ ਗੈਰ-ਆਦਿਵਾਸੀ ਲੋਕਾਂ ਵਿਚਕਾਰ ਸੰਬੰਧਾਂ ਨੂੰ ਘੜਿਆ ਹੈ।

ਵੀਡਿਓ ਦੇਖਣ ਤੋਂ ਬਾਅਦ, ਸਾਨੂੰ ਆਸ ਹੈ ਕਿ ਤੁਸੀਂ ਕੈਨੇਡਾ ਵਿਚ ਆਦਿਵਾਸੀ ਲੋਕਾਂ ਬਾਰੇ ਜ਼ਿਆਦਾ ਜਾਣਨਾ ਜਾਰੀ ਰੱਖਣ ਲਈ ਉਤਸ਼ਾਹਿਤ ਹੋਵੋਗੇ। ਨਾਲ ਮਿਲਦੀ ਇਹ ਵੀਡਿਓ ਸਟੱਡੀ ਗਾਈਡ, ਕੈਨੇਡਾ ਵਿਚ ਆਦਿਵਾਸੀ ਲੋਕਾਂ ਬਾਰੇ ਆਪਣਾ ਗਿਆਨ ਵਧਾਉਣ ਵਿਚ ਤੁਹਾਡੀ ਮਦਦ ਕਰਨ ਲਈ ਹੋਰ ਜਾਣਕਾਰੀ ਦਿੰਦੀ ਹੈ, ਲਿੰਕਾਂ ਅਤੇ ਵਰਤੇ ਜਾਣ ਵਾਲੇ ਸ਼ਬਦਾਂ ਬਾਰੇ ਦੱਸਦੀ ਹੈ। ਸਾਨੂੰ ਆਸ ਹੈ ਕਿ ਤੁਸੀਂ ਇਸ ਗਾਈਡ ਦੀ ਵਰਤੋਂ ਹੋਰ ਜਾਣਨ ਲਈ ਸ਼ੁਰੂ ਕਰਨ ਦੇ ਪੋਆਇੰਟ ਵਜੋਂ ਕਰੋਗੇ।

ਕੈਨੇਡਾ ਆਦਿਵਾਸੀ ਲੋਕਾਂ ਦੀ ਪਰਿਭਾਸ਼ਾ ਕਿਵੇਂ ਦਿੰਦਾ ਹੈ? ਕੈਨੇਡੀਅਨ ਕੰਸਟੀਚਿਊਸ਼ਨ ਐਕਟ, 1982 ਦਾ ਸੈਕਸ਼ਨ 35 (2) ਅਬਰਿਜਨਲ ਲੋਕਾਂ ਨੂੰ ਕੈਨੇਡਾ ਦੇ "ਇੰਡੀਅਨ", ਇਨੂਇਟ ਅਤੇ ਮੇਟੀਸ ਲੋਕਾਂ ਨੂੰ ਸ਼ਾਮਲ ਕਰਨ ਵਜੋਂ ਪਰਿਭਾਸ਼ਤ ਕਰਦਾ ਹੈ।

ਸ਼ਬਦ "ਇੰਡੀਅਨ" ਅਪਮਾਨ ਕਰਨ ਵਾਲਾ ਇਕ ਬਸਤੀਵਾਦੀ ਸ਼ਬਦ ਹੈ। ਕੈਨੇਡਾ ਦੇ ਆਦਿਵਾਸੀ ਲੋਕਾਂ ਬਾਰੇ ਗੱਲਬਾਤ ਕਰਨ ਲਈ ਸ਼ਬਦ ਅਬਰਿਜਨਲ ਦੀ ਥਾਂ `ਤੇ ਸ਼ਬਦ **ਇਨਡਿਜਨੈਂਸ** ਵੀ ਜ਼ਿਆਦਾ ਤਰਜੀਹ ਵਾਲਾ ਹੈ।

**ਫਸਟ ਨੇਸ਼ਨਜ਼** ਉਨ੍ਹਾਂ ਲੋਕਾਂ ਬਾਰੇ ਦੱਸਣ ਲਈ ਵਰਤਿਆ ਜਾਂਦਾ ਹੈ ਜਿਹੜੇ ਆਦਿਵਾਸੀ ਹਨ ਅਤੇ ਜਿਹੜੇ ਆਪਣੀ ਪਛਾਣ ਇਨੂਇਟ ਜਾਂ ਮੇਟੀਸ ਵਜੋਂ ਨਹੀਂ ਕਰਦੇ।

- *en.wikipedia.org/wiki/Indigenous_peoples_in_Canada*

**ਇਨੂਇਟ** ਉਨ੍ਹਾਂ ਆਦਿਵਾਸੀ ਲੋਕਾਂ ਦਾ ਇਕ ਗਰੁੱਪ ਹੈ ਜਿਹੜੇ ਕੈਨੇਡਾ, ਗਰੀਨਲੈਂਡ ਅਤੇ ਅਲਾਸਕਾ ਦੇ ਯਖ ਠੰਢੇ 53 ਇਲਾਕਿਆਂ ਵਿਚ ਰਹਿੰਦੇ ਹਨ। ਇਤਿਹਾਸਕ ਤੌਰ `ਤੇ ਇਨੂਇਟ ਨੂੰ "ਐਸਕੀਮੋਜ਼" ਆਖਿਆ ਜਾਂਦਾ ਸੀ, ਪਰ ਇਹ ਸ਼ਬਦ ਆਦਰ ਕਰਨ ਵਾਲਾ ਨਹੀਂ ਹੈ, ਅਤੇ ਇਹ ਵਰਤਿਆ ਨਹੀਂ ਜਾਣਾ ਚਾਹੀਦਾ।

- *en.wikipedia.org/w/Inuit*

**ਮੇਟੀਸ**, ਫਰਾਂਸੀਸੀ ਸ਼ਬਦ "ਟੂ ਮਿਕਸ" ਤੋਂ ਹੈ। ਇਹ ਇਕ ਵੱਖਰਾ ਆਦਿਵਾਸੀ ਗਰੁੱਪ ਹੈ ਜਿਹੜਾ ਆਪਣੀ ਜੱਦ ਫਸਟ ਨੇਸ਼ਨਜ਼ ਅਤੇ ਯੂਰਪੀਅਨ ਦੀ ਰਲਵੀਂ ਨਸਲ ਵਿੱਚੋਂ ਲੱਭਦਾ ਹੈ। ਉਨ੍ਹਾਂ ਦੀ ਸੰਤਾਨ ਨੂੰ "ਹਾਫ-ਬਰੀਡਜ਼" ਕਿਹਾ ਜਾਂਦਾ ਸੀ ਜਿਸ ਸ਼ਬਦ ਦੀ ਵਰਤੋਂ ਹੁਣ ਨਹੀਂ ਕੀਤੀ ਜਾਂਦੀ ਅਤੇ ਇਹ ਸ਼ਬਦ ਅਪਮਾਨਜਨਕ ਸਮਝਿਆ ਜਾਂਦਾ ਹੈ।

- *en.wikipedia.org/wiki/M%C3%A9tis_in_Canada*

## ਵੀਡਿਓ ਵਿਚ

ਸਾਲ 2016 ਵੇਲੇ ਕੈਨੇਡਾ ਵਿਚ 1,673,785 ਆਦਿਵਾਸੀ ਲੋਕ ਸਨ, ਜੋ ਕਿ ਕੁੱਲ ਆਬਾਦੀ ਦਾ 4.9 ਪ੍ਰਤੀਸ਼ਤ ਬਣਦੇ ਹਨ। ਅੱਜ, ਕੈਨੇਡਾ ਵਿਚ ਤਕਰੀਬਨ 634 ਵੱਖੋ ਵੱਖਰੀਆਂ ਫਸਟ ਨੇਸ਼ਨਜ਼ ਹਨ, ਅਤੇ ਤਕਰੀਬਨ 60 ਵੱਖਰੀ ਬੋਲੀ ਵਾਲੇ ਗਰੁੱਪ ਹਨ, ਜੋ ਕਿ ਸਾਰੇ ਕੈਨੇਡਾ ਵਿਚ, ਰਵਾਇਤੀ ਟੈਰੀਟਰੀਜ਼ ਅਤੇ ਸ਼ਹਿਰਾਂ ਵਿਚ ਰਹਿ ਰਹੇ ਹਨ।

- *en.wikipedia.org/wiki/First_Nations*

ਵੀਡਿਓ ਵਿਚ, ਤੁਹਾਨੂੰ ਕੈਨੇਡਾ ਭਰ ਤੋਂ ਛੇ ਆਦਿਵਾਸੀ ਪ੍ਰਤੀਨਿਧਾਂ ਵਲੋਂ ਜਾਣਕਾਰੀ ਦਿੱਤੀ ਗਈ ਸੀ ਅਤੇ ਤੁਹਾਡਾ ਸੁਆਗਤ ਕੀਤਾ ਗਿਆ ਸੀ। ਇਨ੍ਹਾਂ ਆਦਿਵਾਸੀ ਲੋਕਾਂ ਬਾਰੇ ਜ਼ਿਆਦਾ ਜਾਣਕਾਰੀ ਤੁਸੀਂ ਇਨ੍ਹਾਂ ਲਿੰਕਾਂ ਰਾਹੀਂ ਲੱਭ ਸਕਦੇ ਹੋ:

### ਗਵਾਈ (ਬ੍ਰਿਟਿਸ਼ ਕੋਲੰਬੀਆ – ਫਸਟ ਨੇਸ਼ਨਜ਼)

- *kingcome.ca*
- *youtube.com/watch?v=0CIB0OxJkiY*

### ਇਨੂਵਿਕ (ਨੌਰਥਵੈੱਸਟ ਟੈਰੀਟਰੀਜ਼ – ਇਨੂਇਟ)

- *inuvik.ca/en/index.asp*
- *en.wikipedia.org/wiki/Indigenous_peoples_in_Northern_Canada*

### ਪਨਟਿਕਟਨ (ਬ੍ਰਿਟਿਸ਼ ਕੋਲੰਬੀਆ – ਫਸਟ ਨੇਸ਼ਨਜ਼)

- *syilx.org/about-us/syilx-nation*
- *pib.ca*

### ਸਿਕਸ ਨੇਸ਼ਨਜ਼ (ਓਨਟੇਰੀਓ)

- *sndevcorp.ca/history-of-six-nations*
- *en.wikipedia.org/wiki/Six_Nations_of_the_Grand_River*

### ਉਨਾਮਾਕੀ (ਕੇਪ ਬਰੇਟਨ, ਨੋਵਾ ਸਕੋਸ਼ੀਆ)

- *cbu.ca/indigenous-affairs/unamaki-college/mikmaq-resource-centre/mikmaq-resource-guide/historical-overview*

### ÎLE-A-LA CROSSE, (ਸਸਕੈਚਵਾਨ – ਮੇਟੀਸ)

- *en.wikipedia.org/wiki/%C3%8Ele-%C3%A0-la-Crosse*

ਜੇ ਤੁਸੀਂ ਇਹ ਵੀਡਿਓ ਕੈਨੇਡਾ ਵਿਚ ਦੇਖੀ ਹੈ ਤਾਂ ਆਪਣੀ ਕਮਿਉਨਟੀ ਜਾਂ ਇਲਾਕੇ ਵਿਚ ਫਸਟ ਨੇਸ਼ਨਜ਼ ਬਾਰੇ ਹੋਰ ਜਾਣੋ। ਇਹ ਦੇਖਣ ਲਈ ਤੁਸੀਂ ਗੂਗਲ ਸਰਚ ਕਰਕੇ ਸ਼ੁਰੂ ਕਰ ਸਕਦੇ ਹੋ ਕਿ ਕਿਸ ਦੇ ਆਦਿਵਾਸੀ ਇਲਾਕੇ ਉੱਪਰ ਤੁਹਾਡਾ ਟਾਊਨ ਜਾਂ ਸ਼ਹਿਰ ਹੈ ਅਤੇ ਹੋਰ ਲਿੰਕ ਦੇਖੋ।

ਆਦਿਵਾਸੀ ਲੋਕਾਂ ਦੀਆਂ ਨਿਆਰੀਆਂ ਕਦਰਾਂ-ਕੀਮਤਾਂ ਅਤੇ ਮੂੰਹਜ਼ਬਾਨੀ ਰਵਾਇਤਾਂ ਹਨ। ਆਦਿਵਾਸੀ ਪਛਾਣ ਅਤੇ ਸਭਿਆਚਾਰ ਨੂੰ ਕਾਇਮ ਰੱਖਣ ਲਈ ਜ਼ਬਾਨੀ ਇਤਿਹਾਸ ਅਤੇ ਕਹਾਣੀਆਂ ਜ਼ਰੂਰੀ ਹਨ। ਅਕਸਰ ਹਰ ਕਮਿਉਨਟੀ ਵਿਚਲੇ ਖਾਸ ਲੋਕਾਂ ਦਾ ਰੋਲ ਜ਼ਬਾਨੀ ਇਤਿਹਾਸ ਨੂੰ ਬਹੁਤ ਹੀ ਧਿਆਨ ਨਾਲ ਚੇਤੇ ਰੱਖਣਾ ਹੈ। ਆਦਿਵਾਸੀ ਲੋਕ ਕਦਰਾਂ-ਕੀਮਤਾਂ ਅਤੇ ਇਤਿਹਾਸ ਨੂੰ ਮੂੰਹਜ਼ਬਾਨੀ ਕਹਾਣੀਆਂ ਸੁਣਾ ਕੇ ਅਗਾਂਹ ਇਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤੱਕ ਪਹੁੰਚਾਉਂਦੇ ਹਨ। ਆਦਿਵਾਸੀ ਸਭਿਆਚਾਰ ਸੰਕੇਤਕ ਵਸਤਾਂ ਅਤੇ ਵਿਜ਼ੂਅਲ ਲੈਂਗੂਏਜ ਰਾਹੀਂ ਵੀ ਕਹਾਣੀਆਂ ਅਤੇ ਇਤਿਹਾਸ ਦੱਸਦੇ ਹਨ ਜਿਵੇਂ ਕਿ ਤਰਾਸ਼ੇ ਹੋਏ ਟੋਟਮ ਪੋਲ ਅਤੇ ਹਾਊਸ ਪੋਸਟਸ।

ਹਰ ਆਦਿਵਾਸੀ ਸਭਿਆਚਾਰ, ਭਾਈਚਾਰੇ, ਅਤੇ ਇੱਥੋਂ ਤੱਕ ਕਿ ਪਰਿਵਾਰ ਦੀਆਂ ਆਪਣੀਆਂ ਇਤਿਹਾਸਕ ਅਤੇ ਰਵਾਇਤੀ ਕਹਾਣੀਆਂ, ਗੀਤ ਜਾਂ ਡਾਂਸ ਹਨ। ਮਾਲਕੀ ਬਾਰੇ ਵੱਖ ਵੱਖ ਸਭਿਆਚਾਰਾਂ ਦੇ ਵੱਖੋ ਵੱਖਰੇ ਨਿਯਮ ਹਨ। ਕੁਝ ਗੀਤ, ਨਾਂ, ਨਿਸ਼ਾਨੀਆਂ ਜਾਂ ਡਾਂਸ ਕੁਝ ਲੋਕਾਂ ਜਾਂ ਪਰਿਵਾਰਾਂ ਨਾਲ ਸੰਬੰਧ ਰੱਖਦੇ ਹਨ ਅਤੇ ਇਹ ਆਗਿਆ ਲਏ ਬਿਨਾਂ ਵਰਤੇ, ਦੁਬਾਰਾ ਦੱਸੇ, ਨੱਚੇ ਜਾਂ ਗਾਏ ਨਹੀਂ ਜਾ ਸਕਦੇ।

## ਮੁੱਖ ਘਟਨਾਵਾਂ

ਆਦਿਵਾਸੀ ਲੋਕਾਂ ਅਤੇ ਕੈਨੇਡਾ ਦੇ ਗੈਰ-ਆਦਿਵਾਸੀ ਲੋਕਾਂ ਵਿਚਕਾਰ ਇਤਿਹਾਸਕ ਸੰਬੰਧ ਗੁੰਝਲਦਾਰ ਰਿਹਾ ਹੈ ਅਤੇ ਇਸ ਉੱਪਰ ਬਸਤੀਵਾਦ, ਇਤਿਹਾਸਕ ਘਟਨਾਵਾਂ, ਕਾਨੂੰਨਾਂ ਅਤੇ ਨਸਲਵਾਦੀ ਵਤੀਰਿਆਂ ਨੇ ਅਸਰ ਪਾਇਆ ਹੈ। ਇਨ੍ਹਾਂ ਘਟਨਾਵਾਂ ਨੇ ਸਮਕਾਲੀ ਮਸਲਿਆਂ ਨੂੰ ਰੂਪ-ਰੇਖਾ ਦਿੱਤੀ ਹੈ ਜਿਹੜੇ ਅਜੇ ਵੀ ਆਦਿਵਾਸੀ ਲੋਕਾਂ ਵਲੋਂ ਮਹਿਸੂਸ ਕੀਤੇ ਜਾਂਦੇ ਹਨ। ਪਰ, ਬੀਤੇ ਸਮੇਂ ਦੀਆਂ ਇਤਿਹਾਸਕ ਗਲਤੀਆਂ ਨੂੰ ਸੁਧਾਰਨ ਅਤੇ ਹੱਲ ਕਰਨ ਲਈ ਇਸ ਵੇਲੇ ਕੈਨੇਡਾ ਵਿਚ ਵੱਖ ਵੱਖ ਉੱਦਮ ਹੋ ਰਹੇ ਹਨ।

ਸਟੱਡੀ ਗਾਈਡ ਦਾ ਇਹ ਆਖਰੀ ਭਾਗ, ਵੀਡਿਓ ਵਿਚ ਉਜਾਗਰ ਕੀਤੀਆਂ ਗਈਆਂ ਕੁਝ ਇਤਿਹਾਸਕ ਘਟਨਾਵਾਂ ਬਾਰੇ ਵਾਧੂ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਦਾ ਹੈ।

### ਬਸਤੀਵਾਦ

- *en.wikipedia.org/wiki/History_of_Canada*

ਯੂਰਪੀਅਨਾਂ ਦੇ ਆਉਣ ਤੋਂ ਪਹਿਲਾਂ, ਉੱਤਰੀ ਅਮਰੀਕਾ ਵਿਚ ਆਦਿਵਾਸੀ ਲੋਕ ਰਹਿੰਦੇ ਸਨ ਅਤੇ ਉਹ ਆਪਣੇ ਨਿਵੇਕਲੇ ਸਭਿਆਚਾਰਾਂ, ਬੋਲੀਆਂ, ਅਤੇ ਜਾਣਨ ਦੇ ਢੰਗਾਂ ਵਿਚ ਵਧ ਫੁੱਲ ਰਹੇ ਸਨ। ਆਦਿਵਾਸੀ ਲੋਕ ਹੁਣ ਦੇ ਕੈਨੇਡਾ ਨਾਲ ਜਾਣੇ ਜਾਂਦੇ ਸਥਾਨ ਵਿਚ 10,000 ਤੋਂ ਜ਼ਿਆਦਾ ਸਾਲਾਂ ਤੋਂ ਰਹਿ ਰਹੇ ਹਨ।

ਬ੍ਰਿਟਿਸ਼ ਅਤੇ ਫਰੈਂਚ (ਕੈਨੇਡਾ ਦੀ ਨੀਂਹ ਰੱਖਣ ਵਾਲੇ ਦੋ ਮੋਢੀ ਕੌਮਾਂ ਦਾ ਦਾਅਵਾ ਕਰਨ ਵਾਲੇ) ਉੱਤਰੀ ਅਮਰੀਕਾ ਦੇ ਕੰਟਰੋਲ ਲਈ ਲੜ ਰਹੇ ਸਨ, ਜਿਸ ਨੂੰ ਉਨ੍ਹਾਂ ਨੇ ਕੱਚੇ ਮਾਲ ਦੇ ਇਕ ਭਰਪੂਰ ਸ੍ਰੋਤ ਵਜੋਂ ਦੇਖਿਆ। ਜਦੋਂ ਯੂਰਪੀਅਨ ਉੱਤਰੀ ਅਮਰੀਕਾ ਵਿਚ ਪਹੁੰਚੇ ਤਾਂ ਉਨ੍ਹਾਂ ਨੇ ਇਸ ਨੂੰ "ਕਿਸੇ ਦੀ ਵੀ ਧਰਤੀ ਨਹੀਂ" ਸਮਝਿਆ। ਯੂਰਪੀਅਨਾਂ ਨੇ ਆਪਣੀਆਂ ਖੁਦ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ, ਧਰਮ, ਕਾਨੂੰਨ ਠੋਸੇ ਅਤੇ ਆਪਣੇ ਪੱਖ ਵਿਚ ਨੀਤੀਆਂ ਬਣਾਈਆਂ; ਕੁਝ ਨੇ ਆਦਿਵਾਸੀ ਲੋਕਾਂ ਨੂੰ ਬਿਲਕੁਲ ਹੀ "ਲੋਕ" ਨਹੀਂ ਸਮਝਿਆ।

ਨਤੀਜੇ ਵਜੋਂ, ਯੂਰਪੀਅਨ ਕਦਰਾਂ-ਕੀਮਤਾਂ ਅਤੇ ਖਿਆਲ, ਕੈਨੇਡਾ ਦੀਆਂ ਸੰਸਥਾਵਾਂ ਅਤੇ ਨੀਤੀਆਂ ਵਿਚ ਸਿਸਟਮਬੱਧ ਅਤੇ ਸੰਸਥਾਈ ਵਿਤਕਰੇ ਅਤੇ ਪੱਖਪਾਤ ਦੇ ਰੂਪ ਵਿਚ ਆਣ ਵੜੇ ਹਨ। ਅੱਜ ਬਹੁਤਾ ਕੰਮ, ਬੀਤੇ ਸਮੇਂ ਦੀਆਂ ਗਲਤੀਆਂ ਨੂੰ ਠੀਕ ਕਰਨਾ ਅਤੇ ਵਿਤਕਰੇ ਅਤੇ ਪੱਖਪਾਤ ਦੇ ਸਿੱਟਿਆਂ `ਤੇ ਕਾਬੂ ਪਾਉਣ ਬਾਰੇ ਹੈ।

### ਇੰਡੀਅਨ ਐਕਟ, 1876

- *en.wikipedia.org/wiki/Indian_Act*

ਇੰਡੀਅਨ ਐਕਟ ਇਕ ਫੈਡਰਲ ਕਾਨੂੰਨ ਹੈ ਜਿਹੜਾ ਇਹ ਦੱਸਦਾ ਹੈ ਕਿ ਆਦਿਵਾਸੀ ਰੀਜ਼ਰਵ ਅਤੇ ਬੈਂਡ ਕਿਵੇਂ ਕੰਮ ਕਰ ਸਕਦੇ ਹਨ ਅਤੇ ਇਹ ਪਰਿਭਾਸ਼ਤ ਕਰਦਾ ਹੈ ਕਿ ਕਿਸ ਦੀ ਪਛਾਣ "ਇੰਡੀਅਨ" ਵਜੋਂ ਕੀਤੀ ਜਾਂਦੀ ਹੈ। ਇੰਡੀਅਨ ਐਕਟ, ਫਸਟ ਨੇਸ਼ਨਜ਼ ਲੋਕਾਂ ਨੂੰ ਜਿੰਨਾ ਵੀ ਛੇਤੀ ਸੰਭਵ ਹੋ ਸਕੇ ਯੂਰਪੀਅਨ ਸਮਾਜ ਵਿਚ ਸਮਾ ਲੈਣ ਦਾ ਇਕ ਹੋਰ ਯਤਨ ਸੀ। ਇਹ ਐਕਟ ਬਹੁਤ ਸਾਰੇ ਵੱਖ ਵੱਖ ਪੱਖਾਂ ਨੂੰ ਕਵਰ ਕਰਦਾ ਹੈ ਜਿਵੇਂ ਕਿ ਕਿਸੇ ਨੂੰ "ਇੰਡੀਅਨ" ਦਰਜਾ ਕਿਵੇਂ ਮਿਲਣਾ ਜਾਂ ਦਰਜਾ ਕਿਵੇਂ ਗੁਆਚਣਾ ਹੈ, ਔਰਤਾਂ ਦਾ ਕਾਨੂੰਨੀ ਦਰਜਾ, ਵੋਟ ਦਾ ਹੱਕ, ਆਦਿ। ਇੰਡੀਅਨ ਐਕਟ ਅੱਜ ਵੀ ਲਾਗੂ ਹੈ ਅਤੇ ਇਹ ਅਜੇ ਵੀ ਆਦਿਵਾਸੀ ਲੋਕਾਂ ਲਈ ਕਾਨੂੰਨ ਦਾ ਇਕ ਚੁਣੌਤੀਆਂ ਵਾਲਾ ਅੰਸ਼ ਹੈ।

**ਰੀਜ਼ਰਵਜ਼**: ਯੂਰਪੀਅਨਾਂ ਦੇ ਆਉਣ ਅਤੇ ਵਸਣ ਨਾਲ, ਫਸਟ ਨੇਸ਼ਨਜ਼ ਲੋਕਾਂ ਅਤੇ ਯੂਰਪੀਅਨਾਂ ਦਾ ਇਸ ਗੱਲ `ਤੇ ਸੰਘਰਸ਼ ਹੋਇਆ ਕਿ ਇਨ੍ਹਾਂ ਜ਼ਮੀਨਾਂ ਅਤੇ ਵਸੀਲਿਆਂ ਨੂੰ ਕੌਣ ਕੰਟਰੋਲ ਕਰੇਗਾ, ਅਤੇ ਫਸਟ ਨੇਸ਼ਨਜ਼ ਲੋਕਾਂ ਨੂੰ ਜ਼ਮੀਨਾਂ ਦੇ ਛੋਟੇ ਟੁਕੜਿਆਂ `ਤੇ ਰੱਖਿਆ ਗਿਆ ਜਿਨ੍ਹਾਂ ਨੂੰ ਰੀਜ਼ਰਵਜ਼ ਕਿਹਾ ਗਿਆ। ਬਹੁਤ ਸਾਰੀਆਂ ਫਸਟ ਨੇਸ਼ਨਜ਼ ਨੇ ਛੋਟੇ ਰੀਜ਼ਰਵਾਂ ਉੱਪਰ ਰਹਿਣਾ ਜਾਰੀ ਰੱਖਿਆ ਹੈ, ਜਿਸ `ਤੇ ਕੰਟਰੋਲ ਅਜੇ ਵੀ ਸਰਕਾਰ ਦਾ ਹੈ। ਆਦਿਵਾਸੀ ਲੋਕਾਂ ਅਤੇ ਸਰਕਾਰ ਵਿਚਕਾਰ ਬਹੁਤੀ ਕਸ਼ਮਕਸ਼ ਦਾ ਇਹੀ ਆਧਾਰ ਹੈ।

### ਰੈਜ਼ੀਡੈਂਸ਼ਲ ਸਕੂਲ

- *en.wikipedia.org/wiki/Canadian_Indian_residential_school_system*

ਇੰਡੀਅਨ ਐਕਟ ਦੇ ਸਭ ਤੋਂ ਤਕਲੀਫ਼ਦੇਹ ਅਸਰਾਂ ਵਿੱਚੋਂ ਇਕ ਰੈਜ਼ੀਡੈਂਸ਼ਲ ਸਕੂਲਾਂ ਵਿਚ ਲਾਜ਼ਮੀ ਹਾਜ਼ਰੀ ਸੀ। ਇੰਡੀਅਨ ਰੈਜ਼ੀਡੈਂਸ਼ਲ ਸਕੂਲਾਂ ਦੀ ਗਿਣਤੀ 140 ਸੀ, ਜਿਸ ਨੂੰ ਫੰਡ ਫੈਡਰਲ ਸਰਕਾਰ ਦਿੰਦੀ ਸੀ ਅਤੇ ਇਹ ਚਰਚਾਂ ਵਲੋਂ ਚਲਾਏ ਜਾਂਦੇ ਸਨ। 150,000 ਨਾਲੋਂ ਜ਼ਿਆਦਾ ਆਦਿਵਾਸੀ ਬੱਚਿਆਂ ਨੂੰ ਇਨ੍ਹਾਂ ਵਿਚ ਧੱਕੇ ਨਾਲ ਦਾਖਲ ਕੀਤਾ ਗਿਆ। ਸਰਕਾਰ ਆਦਿਵਾਸੀ ਲੋਕਾਂ ਨੂੰ ਯੂਰੋ-ਕੈਨੇਡੀਅਨ ਸਮਾਜ ਵਿਚ ਰਚਾਉਣਾ ਚਾਹੁੰਦੀ ਸੀ।

ਆਦਿਵਾਸੀ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਅਤੇ ਪਰਿਵਾਰਾਂ ਤੋਂ ਖੋਹਿਆ ਗਿਆ ਅਤੇ ਆਪਣੀਆਂ ਸਾਰੀਆਂ ਬੋਲੀਆਂ, ਧਾਰਮਿਕ ਵਿਸ਼ਵਾਸ਼ਾਂ ਅਤੇ ਸਭਿਆਚਾਰਕ ਅਮਲਾਂ ਨੂੰ ਤਿਆਗਣ ਲਈ ਮਜ਼ਬੂਰ ਕੀਤਾ ਗਿਆ। 11 ਜੂਨ 2018 ਨੂੰ ਕੈਨੇਡਾ ਦੀ ਸਰਕਾਰ ਨੇ ਰੈਜ਼ੀਡੈਂਸ਼ਲ ਸਕੂਲਾਂ ਦਾ ਸ਼ਿਕਾਰ ਹੋਏ ਲੋਕਾਂ ਤੋਂ ਰਸਮੀ ਤੌਰ `ਤੇ ਮੁਆਫ਼ੀ ਜਾਰੀ ਕੀਤੀ। ਪ੍ਰਧਾਨ ਮੰਤਰੀ ਵਲੋਂ ਮੰਗੀ ਗਈ ਮੁਆਫ਼ੀ ਦੀ ਕਾਪੀ ਤੁਸੀਂ ਅੱਗੇ ਦਿੱਤੇ ਲਿੰਕ `ਤੇ ਦੇਖ ਸਕਦੇ ਹੋ:

- *rcaanc-cirnac.gc.ca/eng/1100100015644/1571589171655*

### ਕਤਲ ਹੋਈਆਂ ਅਤੇ ਗੁੰਮਸ਼ੁਦਾ ਆਦਿਵਾਸੀ ਔਰਤਾਂ ਅਤੇ ਲੜਕੀਆਂ

- *mmiwg-ffada.ca/final-report*

ਸਤੰਬਰ 2016 ਵਿਚ, ਕੈਨੇਡਾ ਦੀ ਸਰਕਾਰ ਨੇ ਕਤਲ ਹੋਈਆਂ ਅਤੇ ਗੁੰਮਸ਼ੁਦਾ ਆਦਿਵਾਸੀ ਔਰਤਾਂ ਅਤੇ ਲੜਕੀਆਂ ਦੇ ਸੰਬੰਧ ਵਿਚ ਨੈਸ਼ਨਲ ਇਨਕੁਆਰੀ (ਐੱਮ ਐੱਮ ਆਈ ਡਬਲਯੂ ਜੀ) ਸ਼ੁਰੂ ਕੀਤੀ। ਐੱਮ ਐੱਮ ਆਈ ਡਬਲਯੂ ਜੀ, 1980 ਅਤੇ 2012 ਦੇ ਵਿਚਕਾਰ ਗੁੰਮ ਅਤੇ ਕਤਲ ਹੋਈਆਂ ਆਦਿਵਾਸੀ ਔਰਤਾਂ ਕਰਕੇ ਮਨੁੱਖੀ ਅਧਿਕਾਰਾਂ ਦੇ ਸੰਕਟ ਬਾਰੇ ਹੈ। ਔਰਤਾਂ ਦੇ ਆਦਿਵਾਸੀ ਗਰੁੱਪ ਗੁੰਮਸ਼ੁਦਾ ਅਤੇ ਕਤਲ ਹੋਈਆਂ ਔਰਤਾਂ ਦੀ ਗਿਣਤੀ 4,000 ਤੋਂ ਵੀ ਉੱਪਰ ਕਰਦੇ ਹਨ। ਜ਼ਿਆਦਾ ਚੇਤਨਤਾ ਦਾ ਨਤੀਜਾ ਆਦਿਵਾਸੀ ਪਰਿਵਾਰਾਂ ਅਤੇ ਭਾਈਚਾਰਿਆਂ ਲਈ ਬਹੁਤ ਜ਼ਿਆਦਾ ਹਿਮਾਇਤ ਵਿਚ ਨਿਕਲਿਆ ਹੈ ਅਤੇ ਇਸ ਨੇ ਇਨਸਾਫ਼ ਦੀ ਮੰਗ ਕਰਨ ਦੇ ਸਾਂਝੇ ਟੀਚੇ ਨਾਲ ਲੋਕਾਂ ਨੂੰ ਇਕੱਠੇ ਕੀਤਾ ਹੈ।

## ਬਿਹਤਰ ਭਵਿੱਖ ਉਸਾਰਨਾ

### ਟਰੁੱਥ ਐਂਡ ਰੀਕੌਂਨਸੀਲੇਸ਼ਨ ਕਮਿਸ਼ਨ (ਟੀ ਆਰ ਸੀ)

- *cbc.ca/news/politics/truth-and-reconciliation-94-calls-toaction-1.3362258*

ਫੈਡਰਲ ਸਰਕਾਰ ਨੇ ਰੈਜ਼ੀਡੈਂਸ਼ਲ ਸਕੂਲਾਂ ਦੀ ਵਿਰਾਸਤ ਦੀ ਘੋਖ ਕਰਨ ਲਈ 2008 ਵਿਚ ਟਰੁੱਥ ਐਂਡ ਰੀਕੌਂਨਸੀਲੇਸ਼ਨ ਕਮਿਸ਼ਨ (ਟੀ ਆਰ ਸੀ) ਬਣਾਇਆ। ਟੀ ਆਰ ਸੀ ਨੂੰ ਆਦੇਸ਼ ਕੈਨੇਡਾ ਵਿਚਲੇ ਰੈਜ਼ੀਡੈਂਸ਼ਲ ਸਕੂਲ ਸਿਸਟਮ ਦੇ 80,000 ਪੀੜ੍ਹਤਾਂ ਦੇ ਤਜਰਬਿਆਂ ਨੂੰ ਇਕੱਠਾ ਕਰਨਾ, ਡਾਕੂਮੈਂਟ ਕਰਨਾ ਅਤੇ ਯਾਦ ਕਰਨਾ ਸੀ, ਤਾਂ ਜੋ ਪੀੜ੍ਹਤ ਇਨ੍ਹਾਂ ਤਜਰਬਿਆਂ ਦੀਆਂ ਮਾਨਸਿਕ ਸੱਟਾਂ ਤੋਂ ਰਾਜ਼ੀ ਹੋਣਾ ਸ਼ੁਰੂ ਕਰ ਸਕਣ।

ਸਾਲ 2015 ਵਿਚ, ਟਰੁੱਥ ਐਂਡ ਰੀਕੌਂਨਸੀਲੇਸ਼ਨ ਕਮਿਸ਼ਨ ਨੇ ਆਪਣੀ ਫਾਈਨਲ ਰਿਪੋਰਟ ਜਾਰੀ ਕੀਤੀ ਅਤੇ ਚੁੱਕਣ ਵਾਲੇ 94 ਕਦਮ ਛਾਪੇ, ਜਿਸ ਵਿਚ ਸਾਰੇ ਪੱਧਰਾਂ ਦੀਆਂ ਸਰਕਾਰਾਂ ਨੂੰ ਇਹ ਬੇਨਤੀ ਕੀਤੀ ਗਈ ਕਿ ਉਹ ਰੈਜ਼ੀਡੈਂਸ਼ਲ ਸਕੂਲਾਂ ਵਲੋਂ ਕੀਤੇ ਗਏ ਨੁਕਸਾਨ ਦੀ ਹਾਨੀ-ਪੂਰਤੀ ਕਰਨ ਲਈ ਅਤੇ ਸੁਲ੍ਹਾ-ਸਫ਼ਾਈ ਨਾਲ ਅੱਗੇ ਵਧਣ ਲਈ ਸਾਂਝੇ ਯਤਨਾਂ ਵਿਚ ਨੀਤੀਆਂ ਅਤੇ ਪ੍ਰੋਗਰਾਮਾਂ ਵਿਚ ਤਬਦੀਲੀਆਂ ਕਰਨ ਲਈ ਰਲ ਕੇ ਕੰਮ ਕਰਨ।

ਟੀ ਆਰ ਸੀ ਦਾ ਕੰਮ ਕੈਨੇਡੀਅਨ ਇਤਿਹਾਸ ਦੇ ਖਾਸ ਤੌਰ `ਤੇ ਇਕ ਔਖੇ ਹਿੱਸੇ ਨੂੰ ਸਿਰਫ ਡਾਕੂਮੈਂਟ ਕਰਨ ਬਾਰੇ ਨਹੀਂ ਸੀ ਸਗੋਂ ਇਸ ਦੀ ਜੜ੍ਹ ਇਸ ਭਰੋਸੇ ਵਿਚ ਸੀ ਕਿ ਆਦਿਵਾਸੀ ਅਤੇ ਗੈਰ-ਆਦਿਵਾਸੀ ਇਤਿਹਾਸ ਬਾਰੇ ਸੱਚ ਦੱਸਣਾ, ਬਿਹਤਰ ਭਵਿੱਖ ਬਣਾਉਣ ਲਈ ਸਾਨੂੰ ਇਕ ਬਿਹਤਰ ਸ਼ੁਰੂਆਤੀ ਪੋਆਇੰਟ ਦਿੰਦਾ ਹੈ। ਇਹ ਆਸ ਦੀ ਇਕ ਨਵੀਂ ਕਿਸਮ ਦੀ ਸ਼ੁਰੂਆਤ ਹੈ।

ਉਦੋਂ ਬਹੁਤ ਸਾਰੀਆਂ ਕੱਟੜ ਧਾਰਣਾਵਾਂ ਅਤੇ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਜਦੋਂ ਲੋਕ ਆਦਿਵਾਸੀ ਲੋਕਾਂ ਬਾਰੇ ਸਚਾਈ ਨਹੀਂ ਜਾਣਦੇ ਹੁੰਦੇ ਜਾਂ ਕੋਈ ਵੀ ਜਾਣਕਾਰੀ ਨਹੀਂ ਰੱਖਦੇ ਹੁੰਦੇ। ਅਸੀਂ ਤੁਹਾਨੂੰ ਜਾਣਕਾਰੀ ਲੈਣ ਲਈ ਉਤਸ਼ਾਹ ਦਿੰਦੇ ਹਾਂ: ਟੀ ਆਰ ਸੀ ਦਾ "ਕਾਲਜ਼ ਟੂ ਐਕਸ਼ਨ" ਪੜ੍ਹੋ," ਕਿਸੇ ਫਰਿੰਡਸ਼ਿਪ ਸੈਂਟਰ ਵਿਚ ਜਾਉ; ਆਦਿਵਾਸੀ ਲੇਖਕਾਂ ਦੀਆਂ ਕਿਤਾਬਾਂ ਪੜ੍ਹੋ; ਆਦਿਵਾਸੀ ਆਰਟਿਸਟਾਂ ਵਲੋਂ ਬਣਾਏ ਗਏ ਆਰਟਸ ਦਾ ਪਤਾ ਲਾਉ; ਆਦਿਵਾਸੀ ਲੋਕਾਂ ਬਾਰੇ ਕੋਈ ਕਲਾਸ ਲਉ; ਆਦਿਵਾਸੀ ਮਾਮਲਿਆਂ ਬਾਰੇ ਗੱਲ ਕਰਨ ਲਈ ਆਪਣੇ ਕੰਮ ਦੀ ਟੀਮ ਦੇ ਵਿਚ ਗਰੁੱਪ ਬਣਾਉ; ਕੈਨੇਡਾ ਭਰ ਵਿਚ ਹੋਣ ਵਲੇ ਪ੍ਰੋਗਰਾਮਾਂ ਵਿਚ ਹਿੱਸਾ ਲਉ ਜਿਵੇਂ ਕਿ ਵਾਕ ਫਾਰ ਰੀਕੌਂਨਸੀਲੇਸ਼ਨ ਅਤੇ ਨੈਸ਼ਨਲ ਇਨਡਿਜਨੈੱਸ ਡੇਅ।

ਸਾਨੂੰ ਅਜਿਹੀ ਥਾਂ ਬਣਾਉਣ ਲਈ ਰਲ ਕੇ ਕੰਮ ਕਰਨ ਅਤੇ ਇਕ ਦੂਜੇ ਦੀ ਮਦਦ ਕਰਨ ਦੀ ਲੋੜ ਹੈ ਜਿੱਥੇ ਸਾਰੇ ਲੋਕ ਸਨਮਾਨਯੋਗ ਹਨ ਅਤੇ ਉਨ੍ਹਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਸੁਲ੍ਹਾ-ਸਫ਼ਾਈ (ਰੀਕੌਂਨਸੀਲੇਸ਼ਨ) ਇਕ ਬਹੁਤ ਹੀ ਨਿੱਜੀ ਸਫਰ ਹੈ ਅਤੇ ਅਜਿਹਾ ਹੈ ਜਿਸ ਵਿਚ ਸਾਰੇ ਕੈਨੇਡੀਅਨਾਂ ਲਈ ਆਪਣਾ ਰੋਲ ਨਿਭਾਉਣਾ ਜ਼ਰੂਰੀ ਹੈ।

ਇਹ ਗਾਈਡ ਕੈਨੇਡਾ ਵਿਚ ਸੁਆਗਤ ਹੈ ਵੀਡਿਓ ਨਾਲ ਪ੍ਰਦਾਨ ਕੀਤੇ ਜਾਣ ਲਈ ਬੀ ਸੀ ਦੀ ਆਈ ਐੱਸ ਐੱਸ ਲਈ ਕੋਰੀ ਵਿਲਸਨ ਵਲੋਂ ਤਿਆਰ ਕੀਤੀ ਗਈ ਸੀ। ਜੇ ਕਿਸੇ ਹੋਰ ਤਰ੍ਹਾਂ ਨਹੀਂ ਦੱਸਿਆ ਗਿਆ ਤਾਂ ਇਹ ਗਾਈਡ CC BY NC 4.0 ਨਾਲ ਲਸੰਸਸ਼ੁਦਾ ਹੈ। ਇਹ ਲਸੰਸ ਤੁਹਾਨੂੰ ਇਸ ਕੰਮ ਨੂੰ ਗੈਰ-ਵਪਾਰਕ ਮੰਤਵਾਂ ਲਈ ਰੀਮਿਕਸ ਕਰਨ, ਸੋਧਣ ਅਤੇ ਇਸ ਉੱਪਰ ਕੰਮ ਬਣਾਉਣ ਦਿੰਦਾ ਹੈ। ਤੁਹਾਡੇ ਨਵੇਂ ਕੰਮ ਲਈ ਕੋਰੀ ਵਿਲਸਨ ਨੂੰ ਮਾਨਤਾ ਦੇਣਾ ਅਤੇ ਗੈਰ-ਵਪਾਰਕ ਹੋਣਾ ਜ਼ਰੂਰੀ ਹੈ। ਕਿਰਪਾ ਕਰਕੇ ਕਰੈਡਿਟ ਲਈ ਇਹ ਬਿਆਨ ਵਰਤੋ: Welcome to Canada Study Guide by Kory Wilson, available under a Creative Commons Attribution-Noncommercial license ©2019, Kory Wilson.